Hackensack
Meridian *Health*
Shore Rehabilitation Institute

---

**ਪਾਲਿਸੀ ਦੀ ਕਿਸਮ:** **ਡਿਪਾਰਟਮੈਂਟਲ**

**ਇਕਾਈ:** **ਸ਼ੋਰ ਰੀਹੈਬਲੀਟੇਸ਼ਨ ਇੰਸਟੀਚਿਊਟ(Shore Rehabilitation Institute)**

**ਪਾਲਿਸੀ ਦਾ ਸਿਰਲੇਖ:** **ਵਿੱਤੀ ਸਹਾਇਤਾ ਪਾਲਿਸੀ ਅਤੇ ਬਿਲਿੰਗ/ ਸੰਗ੍ਰਹਿ ਪਾਲਿਸੀ**

**ਲਾਗੂ ਹੋਣ ਤਾਰੀਖ:** **06/05/2018** **ਸੋਧ ਕਰਨ ਦੀ ਤਾਰੀਖ: 06/05/2018**

---

**ਵਿੱਤੀ ਸਹਾਇਤਾ ਪਾਲਿਸੀ**

## I. ਉਦੇਸ਼:

**ਸ਼ੋਰ ਰੀਹੈਬਲੀਟੇਸ਼ਨ ਇੰਸਟੀਚਿਊਟ** ਸਾਡੇ ਭਾਈਚਾਰੇ ਲਈ ਉੱਚਤਮ ਗੁਣਵੱਤਾ ਵਾਲੀਆਂ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ ਅਤੇ ਉਨ੍ਹਾਂ ਦੀ ਭੁਗਤਾਨ ਕਰਨ ਦੀ ਯੋਗਤਾ ਦੀ ਪਰਵਾਹ ਕੀਤੇ ਬਿਨ੍ਹਾਂ ਇਹ ਯਕੀਨੀ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਸਾਰੇ ਰੋਗੀ ਡਾਕਟਰੀ ਤੌਰ 'ਤੇ ਜ਼ਰੂਰੀ ਸਿਹਤ ਸੰਭਾਲ ਪ੍ਰਾਪਤ ਕਰ ਸਕਣ।

## II. ਪਾਲਿਸੀ:

ਇਹ ਵਿੱਤੀ ਸਹਾਇਤਾ ਪਾਲਿਸੀ ("FAP") SRI ਲਈ ਵਿੱਤੀ ਸਹਾਇਤਾ ਦੀਆਂ ਪਾਲਿਸੀਆਂ ਅਤੇ ਪ੍ਰਥਾਵਾਂ ਦੀ ਰੂਪਰੇਖਾ ਪੇਸ਼ ਕਰੇਗੀ। ਇਸ FAP ਦੇ ਅਨੁਸਾਰ, SRI ਉਹਨਾਂ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹੈ ਜਿਨ੍ਹਾਂ ਨੂੰ ਸਿਹਤ ਦੇਖਭਾਲ ਦੀ ਜ਼ਰੂਰਤ ਹੈ ਅਤੇ ਜੋ ਬੀਮੇ-ਰਹਿਤ, ਅਧੂਰੇ, ਅਯੋਗ, ਜਾਂ ਫਿਰ ਉਹ ਜੋ ਆਪਣੀ ਵਿਅਕਤੀਗਤ ਵਿੱਤੀ ਸਥਿਤੀ ਦੇ ਅਧਾਰ ਤੇ ਲੋੜੀਂਦੀਆਂ ਸਿਹਤ ਦੇਖਭਾਲ ਸੇਵਾਵਾਂ ਦਾ ਭੁਗਤਾਨ ਕਰਨ ਵਿੱਚ ਅਸਮਰੱਥ ਹਨ।

SRI ਵਿਤਕਰੇ ਤੋਂ ਬਿਨ੍ਹਾਂ ਅਤੇ ਵਿਅਕਤੀਆਂ ਦੀ ਅਦਾਇਗੀ ਕਰਨ ਦੀ ਯੋਗਤਾ ਦੀ ਪਰਵਾਹ ਕੀਤੇ ਬਿਨ੍ਹਾਂ ਉਹਨਾਂ ਦੇ ਮੈਡੀਕਲ ਹਾਲਾਤਾਂ ਦੀ ਦੇਖਭਾਲ ਮੁਹੱਈਆ ਕਰਵਾਏਗਾ।

ਵਿੱਤੀ ਸਹਾਇਤਾ ਸਿਰਫ ਡਾਕਟਰੀ ਤੌਰ 'ਤੇ ਲੋੜੀਂਦੀਆਂ ਸਿਹਤ ਦੇਖਭਾਲ ਸੇਵਾਵਾਂ ਲਈ ਉਪਲਬਧ ਹੈ। ਇਸ ਤੋਂ ਇਲਾਵਾ, SRI ਸੇਵਾਵਾਂ ਵਿਚ ਮੁਹੱਈਆ ਸਾਰੀਆਂ ਸੇਵਾਵਾਂ SRI ਕਰਮਚਾਰੀਆਂ ਦੁਆਰਾ ਪ੍ਰਦਾਨ ਨਹੀਂ ਕੀਤੀਆਂ ਜਾਂਦੀਆਂ ਅਤੇ ਇਸ ਲਈ ਹੋ ਸਕਦਾ ਹੈ ਕਿ ਇਸ FAP ਦੇ ਅਧੀਨ ਨਾ ਆਉਣ। ਉਹਨਾਂ ਪ੍ਰਦਾਨਕਰਤਾਵਾਂ, ਜੋ ਕਿ SRI ਸਹੂਲਤ ਦੇ ਅੰਦਰ ਡਾਕਟਰੀ ਤੌਰ 'ਤੇ ਲੋੜੀਂਦੀਆਂ ਸਿਹਤ ਦੇਖਭਾਲ ਸੇਵਾਵਾਂ ਪ੍ਰਦਾਨ ਕਰਦੇ ਹਨ, ਦੀ ਸੂਚੀ ਲਈ ਕਿਰਪਾ ਕਰਕੇ ਅਨੁਬੰਧ A ਵੇਖੋ। ਇਹ ਅਨੁਬੰਧ ਉਹਨਾਂ ਵਿਸ਼ੇਸ਼ਤਾਵਾਂ ਨੂੰ ਸਪਸ਼ਟ ਕਰਦਾ ਹੈ ਜੋ ਇਸ FAP ਦੇ ਅਧੀਨ ਨਹੀਂ ਆਉਂਦੀਆਂ। ਸੂਚੀਆਂ ਦੀ ਸਮੀਖਿਆ ਤਿਮਾਹੀ ਤੇ ਕੀਤੀ ਜਾਵੇਗੀ ਅਤੇ ਜੇ ਲੋੜ ਪਵੇ ਤਾਂ ਬਦਲਾਅ ਕੀਤੇ ਜਾਣਗੇ।

## III. ਪਰਿਭਾਸ਼ਾਵਾਂ:

ਇਸ FAP ਦੇ ਉਦੇਸ਼ ਲਈ, ਹੇਠਾਂ ਦਿੱਤੇ ਸ਼ਬਦਾਂ ਨੂੰ ਇਸ ਪ੍ਰਕਾਰ ਪਰਿਭਾਸ਼ਿਤ ਕੀਤਾ ਗਿਆ ਹੈ:

Hackensack
Meridian *Health*
Shore Rehabilitation Institute

ਬਿਲ ਵਿਚ ਆਮ ਤੌਰ ਤੇ ਪਾਈ ਗਈ ਰਕਮ (*"AGB"*): ਇੰਟਰਨਲ ਰੈਵੇਨਿਊ ਕੋਡ ਸੈਕਸ਼ਨ 501 (r)(5) ਦੇ ਅਨੁਸਾਰ, ਡਾਕਟਰੀ ਤੌਰ 'ਤੇ ਜ਼ਰੂਰੀ ਦੇਖਭਾਲ ਦੇ ਮਾਮਲੇ ਵਿਚ, FAP-ਯੋਗ ਮਰੀਜ਼ਾਂ ਤੋਂ ਅਜਿਹੇ ਵਿਅਕਤੀ ਨਾਲੋਂ ਜਿਆਦਾ ਰਕਮ ਨਹੀਂ ਵਸੂਲੀ ਜਾਵੇਗੀ ਜਿਸਦੇ ਕੋਲ ਅਜਿਹੀ ਦੇਖਭਾਲ ਦਾ ਬੀਮਾ ਹੈ।

AGB ਪ੍ਰਤੀਸ਼ਤ: ਕੁੱਲ ਵਸੂਲੀ ਰਕਮ ਦਾ ਪ੍ਰਤੀਸ਼ਤ ਜੋ ਇੱਕ ਪੁਨਰਵਾਸ ਸਹੂਲਤ ਮੁਹੱਈਆ ਕਰਵਾਉਂਦਾ ਹਸਪਤਾਲ *FAP* ਦੇ ਅਧੀਨ ਸਹਾਇਤਾ ਲਈ ਯੋਗ ਵਿਅਕਤੀ ਨੂੰ ਮੁਹਈਆ ਕਰਵਾਈ ਡਾਕਟਰੀ ਤੌਰ 'ਤੇ ਜ਼ਰੂਰੀ ਦੇਖਭਾਲ ਦਾ *AGP* ਪਤਾ ਕਰਨ ਲਈ ਵਰਤਦਾ ਹੈ।

ਯੋਗਤਾ ਮਾਪਦੰਡ: ਇਸ *FAP* ਵਿਚ ਨਿਰਧਾਰਿਤ ਕੀਤੇ ਮਾਪਦੰਡ(ਅਤੇ ਪ੍ਰਕਿਰਿਆ ਦੁਆਰਾ ਸਮਰਥਤ) ਇਹ ਨਿਰਧਾਰਤ ਕਰਨ ਲਈ ਵਰਤੇ ਜਾਂਦੇ ਹਨ ਕਿ ਮਰੀਜ਼ ਵਿੱਤੀ ਸਹਾਇਤਾ ਦੇ ਯੋਗ ਹੈ ਜਾਂ ਨਹੀਂ।
ਅਸਧਾਰਨ ਸੰਗ੍ਰਹਿ ਕਾਰਵਾਈਆਂ (*"ECAs"*): ਸਾਰੀਆਂ ਕਾਨੂੰਨੀ ਜਾਂ ਅਦਾਲਤੀ ਪ੍ਰਕਿਰਿਆਵਾਂ, ਜਿਨਾਂ ਵਿੱਚ ਵੇਤਨ ਗ੍ਰਹਿਣ, ਸੰਪਤੀ 'ਤੇ ਗ੍ਰਹਿਣ ਲਗਾਉਣਾ ਅਤੇ ਕਰੈਡਿਟ ਏਜੰਸੀਆਂ ਨੂੰ ਰਿਪੋਰਟ ਕਰਨਾ ਸ਼ਾਮਲ ਹੁੰਦਾ ਹੈ, ਪਰ ਇਹ ਇਹਨਾਂ ਤੱਕ ਸੀਮਿਤ ਨਹੀਂ ਹਨ। ਕਿਸੇ ਹੋਰ ਧਿਰ ਨੂੰ ਕਿਸੇ ਵਿਅਕਤੀ ਦੇ ਕਰਜ਼ੇ ਦੀ ਵਿਕਰੀ, ਮੁਕੱਦਮੇ, ਨਿਵਾਸਾਂ ਤੇ ਗ੍ਰਹਿਣ ਅਧਿਕਾਰ, ਗਿਰਫਤਾਰੀਆਂ, ਦੋਸ਼ੀ ਨੂੰ ਅਦਾਲਤ ਬੁਲਾਉਣਾ, ਜਾਂ ਅਜਿਹੀਆਂ ਹੋਰ ਸੰਗ੍ਰਹਿ ਕਾਰਵਾਈਆਂ ECAs ਵਿਚ ਸ਼ਾਮਿਲ ਹਨ।

ਵਿੱਤੀ ਸਹਾਇਤਾ: ਕਿਸੇ ਵਿਅਕਤੀ ਜਾਂ ਸੰਸਥਾ ਨੂੰ ਪੈਸੇ ਦੇ ਰੂਪ ਵਿੱਚ ਦਿੱਤੀ ਗਈ ਸਰਕਾਰੀ ਸਹਾਇਤਾ, ਲੋਨ, ਟੈਕਸਾਂ ਵਿਚ ਛੋਟ ਆਦਿ। ਇਸ FAP ਦੇ ਅਨੁਸਾਰ, ਵਿੱਤੀ ਸਹਾਇਤਾ ਇੱਕ ਮਰੀਜ਼ ਨੂੰ ਡਾਕਟਰੀ ਤੌਰ 'ਤੇ ਜ਼ਰੂਰੀ ਸਿਹਤ ਸੰਭਾਲ ਲਈ ਛੋਟ ਪ੍ਰਦਾਨ ਕਰਦੀ ਹੈ ਜੇ ਉਹ ਸਥਾਪਿਤ ਮਾਪਦੰਡ ਨੂੰ ਪੂਰਾ ਕਰਦੇ ਹਨ ਅਤੇ ਇਸ ਦੇ ਯੋਗ ਪਾਏ ਗਏ ਹਨ।

ਕੁੱਲ ਖਰਚੇ: ਸ਼ੋਰ ਰੀਹੈਬਲੀਟੇਸ਼ਨ ਇੰਸਟੀਚਿਊਟ ਨੇ ਮੈਡੀਕਲ ਦੇਖਭਾਲ ਲਈ ਪੂਰੀ ਕੀਮਤ ਸਥਾਪਤ ਕੀਤੀ ਹੈ ਜੋ ਕਿ ਕਿਸੇ ਵੀ ਇਕਰਾਰ ਕੀਤੇ ਭੱਤੇ, ਛੋਟ ਜਾਂ ਕਟੌਤੀਆਂ ਲਾਗੂ ਕਰਨ ਤੋਂ ਪਹਿਲਾਂ, ਮਰੀਜ਼ਾਂ ਤੋਂ ਲਗਾਤਾਰ ਅਤੇ ਇਕਸਾਰ ਤੌਰ ਤੇ ਵਸੂਲੀ ਜਾਂਦੀ ਹੈ।

ਡਾਕਟਰੀ ਤੌਰ ਤੇ ਲੋੜੀਂਦੀਆਂ ਸੇਵਾਵਾਂ: ਇਹ ਉਹ ਸਿਹਤ ਦੇਖਭਾਲ ਸੇਵਾਵਾਂ ਹਨ, ਜਿੰਨਾਂ ਨੂੰ, ਵਿਹਾਰਕ ਕਲੀਨਿਕਲ ਨਿਰਣੇ ਦਾ ਅਭਿਆਸ ਕਰਦਾ ਇਕ ਡਾਕਟਰ, ਕਿਸੇ ਬੀਮਾਰੀ, ਸੱਟ, ਰੋਗ ਜਾਂ ਇਸਦੇ ਲੱਛਣ, ਦਾ ਮੁਲਾਂਕਣ, ਨਿਦਾਨ ਜਾਂ ਇਲਾਜ ਕਰਨ ਦੇ ਉਦੇਸ਼ ਲਈ, ਰੋਗੀ ਨੂੰ ਮੁਹੱਈਆ ਕਰਵਾਏਗਾ, ਅਤੇ ਜੋ :(a)ਡਾਕਟਰੀ ਅਭਿਆਸ ਲਈ ਆਮ ਤੌਰ ਤੇ ਮਨਜ਼ੂਰ ਹੋਏ ਮਿਆਰਾਂ ਅਨੁਸਾਰ ਹਨ; (b)ਡਾਕਟਰੀ ਤੌਰ ਤੇ ਉਚਿਤ ਹਨ; ਅਤੇ (c) ਮੁੱਖ ਤੌਰ ਤੇ ਮਰੀਜ਼ ਦੀ ਸਹੂਲਤ ਲਈ ਨਹੀਂ ਹਨ।

ਨੋਟੀਫਿਕੇਸ਼ਨ ਮਿਆਦ: 120 ਦਿਨਾਂ ਦੀ ਮਿਆਦ, ਜੋ ਕਿ ਪਹਿਲੀ ਪੋਸਟ-ਡਿਸਚਾਰਜ ਬਿਲਿੰਗ ਸਟੇਟਮੈਂਟ ਦੀ ਤਾਰੀਖ਼ ਤੋਂ ਸ਼ੁਰੂ ਹੁੰਦਾ ਹੈ, ਜਿਸ ਵਿੱਚ ਮਰੀਜ਼ ਦੇ ਵਿਰੁੱਧ ਕਿਸੇ ਵੀ ECA ਦੀ ਸ਼ੁਰੂਆਤ ਨਹੀਂ ਕੀਤੀ ਜਾ ਸਕਦੀ।

ਸਧਾਰਨ ਭਾਸ਼ਾ ਵਿਚ ਸੰਖੇਪ ("PLS"): ਇਕ ਲਿਖਤੀ ਬਿਆਨ ਜਿਸ ਵਿਚ ਇਕ ਵਿਅਕਤੀ ਨੂੰ ਸੂਚਿਤ ਕੀਤਾ ਗਿਆ ਹੈ ਕਿ SRI ਇਸ FAP ਦੇ ਅਧੀਨ ਵਿੱਤੀ ਸਹਾਇਤਾ ਦੀ ਪੇਸ਼ਕਸ਼ ਕਰਦਾ ਹੈ ਅਤੇ ਇੱਕ ਸਪਸ਼ਟ, ਸੰਖੇਪ ਅਤੇ ਸਮਝਣ ਵਿੱਚ ਆਸਾਨ ਤਰੀਕੇ ਨਾਲ ਹੋਰ ਜਾਣਕਾਰੀ ਪ੍ਰਦਾਨ ਕਰਦਾ ਹੈ।

ਬੀਮੇ-ਰਹਿਤ: ਆਪਣੀ ਅਦਾਇਗੀ ਦੀਆਂ ਜ਼ੁੰਮੇਵਾਰੀਆਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਨ ਲਈ, ਮਰੀਜ਼ ਕੋਲ ਕਿਸੇ ਪੱਧਰ ਦਾ ਬੀਮਾ ਜਾਂ ਤੀਜੀ ਧਿਰ ਦੀ ਸਹਾਇਤਾ ਨਹੀਂ ਹੈ।

## IV. ਵਿੱਤੀ ਸਹਾਇਤਾ ਯੋਗਤਾ ਮਾਪਦੰਡ:

ਬੀਮੇ-ਰਹਿਤ ਮਰੀਜ਼ਾਂ ਦੀ ਮਦਦ ਕਰਨ ਲਈ SRI ਇੱਕ ਵਿੱਤੀ ਸਹਾਇਤਾ ਪ੍ਰੋਗਰਾਮ ਪੇਸ਼ ਕਰਦੀ ਹੈ। ਹੇਠਾਂ ਦਿੱਤਾ ਵਿੱਤੀ ਸਹਾਇਤਾ ਪ੍ਰੋਗਰਾਮ, ਡਾਕਟਰੀ ਤੌਰ 'ਤੇ ਲੋੜੀਂਦੀਆਂ ਸਿਹਤ ਦੇਖਭਾਲ ਸੇਵਾਵਾਂ ਲਈ ਉਹਨਾਂ ਵਿਅਕਤੀਆਂ ਨੂੰ ਛੂਟ ਪ੍ਰਦਾਨ ਕਰਦੀ ਹੈ ਜੋ ਮਾਪਦੰਡ ਪੂਰੇ ਕਰਦੇ ਹਨ ਅਤੇ ਯੋਗ ਪਾਏ ਗਏ ਹਨ।

### ਕੰਪੈਸ਼ਨੇਟ ਕੇਅਰ ਪ੍ਰੋਗਰਾਮ

ਕੰਪੈਸ਼ਨੇਟ ਕੇਅਰ ਪ੍ਰੋਗਰਾਮ ਉਨ੍ਹਾਂ ਵਿਅਕਤੀਆਂ ਲਈ ਉਪਲਬਧ ਹੈ ਜਿਨ੍ਹਾਂ ਨੂੰ ਸਿਹਤ ਦੇਖਭਾਲ ਦੀ ਲੋੜ ਹੈ ਅਤੇ ਜੋ ਬੀਮੇ-ਰਹਿਤ ਹਨ ਜਾਂ ਉਹ ਡਾਕਟਰੀ ਤੌਰ 'ਤੇ ਜ਼ਰੂਰੀ ਸਿਹਤ ਸੰਭਾਲ ਦਾ ਭੁਗਤਾਨ  ਨਹੀਂ ਕਰ ਸਕਦੇ। ਕੰਪੈਸ਼ਨੇਟ ਕੇਅਰ ਪ੍ਰੋਗਰਾਮ।

## V. ਵਿਧੀਆਂ

ਜੇ ਮਰੀਜ਼ ਕੋਈ ਬੀਮਾ ਨਾ ਹੋਣ ਦਾ ਦਾਅਵਾ ਕਰਦਾ ਹੈ, ਤਾਂ ਉਸ ਨੂੰ "ਕੋਈ ਬੀਮਾ ਨਾ ਹੋਣ ਦੀ ਤਸਦੀਕ" 'ਤੇ ਦਸਤਖਤ ਕਰਨ ਲਈ ਕਿਹਾ ਜਾਵੇਗਾ। ਇਸ ਤੋਂ ਇਲਾਵਾ, ਇਹ ਸਮਝਾਇਆ ਜਾਵੇਗਾ ਕਿ ਜੇ ਬਾਅਦ ਵਿਚ ਉਹ ਬੀਮਾ ਪ੍ਰਦਾਨ ਕਰਦੇ ਹਨ ਤਾਂ ਇਸ ਨੂੰ ਸੇਵਾਵਾਂ ਦੀਆਂ ਉਹਨਾਂ ਤਾਰੀਖ਼ਾਂ ਵਾਲੇ ਬਿਲ ਵਿਚ ਨਹੀਂ ਪਾਇਆ ਜਾਵੇਗਾ ਜੋ ਹਵਾਲੇ ਦੇ ਤੌਰ ਤੇ ਕੰਪੈਸ਼ਨੇਟ ਕੇਅਰ ਦੇ ਅਧੀਨ ਪਹਿਲਾਂ ਹੀ ਆਈਆਂ ਹਨ ਅਤੇ/ਜਾਂ ਜਿਨਾਂ ਦੀ ਪ੍ਰਪੱਕਤਾ ਪ੍ਰਾਪਤ ਨਹੀਂ ਹੋ ਸਕੀ ਹੈ ਅਤੇ/ਜਾਂ ਜਿਨਾਂ ਦੀ ਸਮੇਂ ਸਿਰ ਫਾਈਲ ਕਰਨ ਦੀ ਸੀਮਾ ਲੰਘ ਚੁੱਕੀ ਹੈ। ਇਲਾਜ ਜਾਰੀ ਕਰਨ ਤੋਂ ਪਹਿਲਾਂ ਸੇਵਾ ਦੀਆਂ ਅਗਲੀਆਂ ਤਾਰੀਖਾਂ ਲਈ ਸਾਰੇ ਹਵਾਲਿਆਂ ਦੀ ਲੋੜ ਹੋਵੇਗੀ ਅਤੇ/ਜਾਂ ਪ੍ਰਪੱਕਤਾ ਪ੍ਰਾਪਤ ਬੀਮੇ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਜਦੋਂ ਇੱਕ ਮਰੀਜ਼ ਬੀਮਾ ਕਵਰੇਜ ਦਿੰਦਾ ਹੈ ਹਾਲਾਂਕਿ ਤਸਦੀਕ ਇਹ ਦਰਸਾਉਂਦੀ ਹੈ ਕਿ ਲਾਭ ਖਤਮ ਹੋ ਗਏ ਹਨ ਜਾਂ ਪ੍ਰਦਾਨ ਕੀਤੀ ਜਾ ਰਹੀ ਸੇਵਾ (ਸੇਵਾਵਾਂ) ਦਾ ਕੋਈ ਲਾਭ ਨਹੀਂ ਹੈ, ਤਾਂ ਉਹਨਾਂ ਨੂੰ, ਗੈਰ-ਕਵਰੇਜ ਦੇ ਕਾਰਨ ਅਤੇ ਨਿੱਜੀ ਤੌਰ 'ਤੇ ਜ਼ੁੰਮੇਵਾਰ ਹੋਣ ਦੀ ਪ੍ਰਵਾਨਗੀ ਦਰਸਾਉਂਦੇ "ਗੈਰ-ਕਵਰੇਜ ਦੇ ਨੋਟਿਸ" ਤੇ ਦਸਤਖ਼ਤ ਕਰਨ ਲਈ ਕਿਹਾ ਜਾਵੇਗਾ। ਫਿਰ ਗੈਰ-ਕਵਰ ਵਾਲੀਆਂ ਸੇਵਾਵਾਂ ਲਈ ਮਰੀਜ਼ਾਂ ਨੂੰ ਕੰਪੈਸ਼ਨੇਟ ਕੇਅਰ ਪ੍ਰੋਗਰਾਮ ਦੀ ਪੇਸ਼ਕਸ਼ ਕੀਤੀ ਜਾਵੇਗੀ।
ਜੇ ਮਰੀਜ਼ ਬੀਮੇ ਨੂੰ ਬਿੱਲ ਵਿਚ ਸ਼ਾਮਿਲ ਕਰਨ ਲਈ ਬੇਨਤੀ ਕਰਦਾ ਹੈ, ਇਹ ਜਾਣਦੇ ਹੋਏ ਕਿ ਸੇਵਾ ਉਹਨਾਂ ਦੇ ਵਰਤਮਾਨ ਲਾਭ ਪੈਕੇਜ ਦੇ ਅਧੀਨ ਨਹੀਂ ਹੈ, ਤਾਂ ਉਸ ਨੂੰ ਸਮਝਾਇਆ ਜਾਵੇਗਾ ਕਿ ਭਾਵੇਂ ਲਾਭ ਤੋਂ ਇਨਕਾਰ ਦਾ ਸਪਸ਼ਟੀਕਰਨ ਦਰਸਾਉਂਦਾ ਹੈ ਕਿ ਮਰੀਜ਼ ਜ਼ੁੰਮੇਵਾਰ ਨਹੀਂ ਹੈ, ਪਰ ਗੈਰ-ਕਵਰੇਜ ਦੀ ਪੂਰਵ ਸੂਚਨਾ ਦੇ ਕਾਰਨ ਉਹ ਨਿੱਜੀ ਤੌਰ ਤੇ ਜ਼ਿੰਮੇਵਾਰ ਹੋਣਗੇ।

ਵਿੱਤੀ ਸਹਾਇਤਾ ਲਈ ਯੋਗ ਪਾਏ ਗਏ ਇੱਕ ਵਿਅਕਤੀ ਨੂੰ ਇੱਕ ਅਨੁਕੂਲ ਨਿਰਧਾਰਨ ਦੀ ਲਿਖਤ ਵਿੱਚ ਸੂਚਿਤ ਕੀਤਾ ਜਾਵੇਗਾ। IRC §501(r) ਅਨੁਸਾਰ, SRI:

- ਇਕ ਬਿਆਨ ਮੁਹੱਈਆ ਕਰਵਾਉਂਦਾ ਹੈ ਜੋ ਇਹ ਦੱਸਦਾ ਹੈ FAP- ਯੋਗ ਵਿਅਕਤੀ ਦੀ ਬਣਦੀ ਰਕਮ ਕਿੰਨੀ ਹੈ, ਇਹ ਰਕਮ ਕਿਵੇਂ ਪਤਾ ਕੀਤੀ ਗਈ ਸੀ, ਅਤੇ ਜੇ ਲਾਗੂ ਹੋਵੇ ਤਾਂ AGP ਨਾਲ ਸਬੰਧਤ ਜਾਣਕਾਰੀ ਕਿਵੇਂ ਪ੍ਰਾਪਤ ਕੀਤੀ ਜਾ ਸਕਦੀ ਹੈ ;
- ਵਿਅਕਤੀ ਦੁਆਰਾ ਕੀਤੇ ਗਏ ਕਿਸੇ ਵਾਧੂ ਦੀ ਵਾਪਸੀ ਕਰੇਗਾ; ਅਤੇ

.

- ਦੇਣਦਾਰੀ ਨੂੰ ਇਕੱਠਾ ਕਰਨ ਲਈ ਮਰੀਜ਼ ਦੇ ਵਿਰੁੱਧ ਪਹਿਲਾਂ ਲਏ ਕਿਸੇ ਵੀ ECA ਨੂੰ ਵਾਪਿਸ ਕਰਨ ਲਈ ਸਾਰੇ ਵਾਜਬ ਉਪਲਬਧ ਉਪਾਅ ਕਰਵਾਉਣ ਲਈ SRI ਦੀ ਤਰਫੋਂ ਕੰਮ ਕਰਦੀਆਂ ਤੀਜੀਆਂ ਧਿਰਾਂ ਦੇ ਨਾਲ ਕੰਮ ਕਰਦਾ ਹੈ।

## VI. ਵਸੂਲੀ ਜਾਣ ਵਾਲੀ ਰਕਮ ਪਤਾ ਕਰਨ ਲਈ ਅਧਾਰ

### ਸ਼ੋਰ ਰੀਹੈਬਲੀਟੇਸ਼ਨ ਇੰਸਟੀਚਿਊਟ – ਕੰਪੈਸ਼ਨੇਟ ਕੇਅਰ ਪ੍ਰੋਗਰਾਮ

ਸ਼ੋਰ ਰੀਹੈਬਲੀਟੇਸ਼ਨ ਇੰਸਟੀਚਿਊਟ ਦੇ ਮਰੀਜ਼ ਜੋ ਕੰਪੈਸ਼ਨੇਟ ਕੇਅਰ ਪ੍ਰੋਗਰਾਮ ਦੇ ਯੋਗ ਹਨ ਉਨ੍ਹਾਂ ਦਾ ਸਵੈ-ਭੁਗਤਾਨ, ਮੈਡੀਕੇਅਰ ਅਦਾਇਗੀ ਦੀ ਦਰ ਦੇ 115% ਤੱਕ ਘਟਾਇਆ ਜਾਵੇਗਾ ਜੋ ਕਿ ਦਾਖਲ ਰੋਗੀਆਂ ਲਈ *CMG* 'ਤੇ ਅਧਾਰਤ ਅਤੇ ਬਾਹਰੀ ਮਰੀਜ਼ ਸੇਵਾਵਾਂ ਲਈ *SRI* ਜਾਂ *AGB*(ਹੇਠਾਂ ਦਰਸਾਈ ਗਈ ਅਨੁਸਾਰ) ਦੁਆਰਾ ਬਿਲ ਕੀਤੇ *APC* ਜਾਂ ਤਹਿ ਥੈਰੇਪੀ ਫ਼ੀਸ ਤੇ ਅਧਾਰਿਤ ਹੈ।

***<u>AGB</u>***

IRC §501 (r) (5) ਦੇ ਅਨੁਸਾਰ SRI AGB ਦਾ ਹਿਸਾਬ ਲਗਾਉਣ ਕਰਨ ਲਈ ਲੁਕ-ਬੈਕ ਵਿਧੀ ਦਾ ਇਸਤੇਮਾਲ ਕਰਦਾ ਹੈ। AGB % ਦਾ ਹਿਸਾਬ ਹਰ ਸਾਲ ਲਗਾਇਆ ਜਾਂਦਾ ਹੈ ਅਤੇ ਇਹ ਮੈਡੀਕੇਅਰ ਫੀਸ-ਲਈ-ਸੇਵਾ + ਸਾਰੇ ਨਿੱਜੀ ਸਿਹਤ ਬੀਮਿਆਂ ਦੁਆਰਾ 12-ਮਹੀਨਿਆਂ ਦੀ ਮਿਆਦ ਅਧੀਨ ਲਾਗੂ ਕੀਤੇ ਸਾਰੇ ਦਾਅਵਿਆਂ, ਉਹਨਾਂ ਦਾਅਵਿਆਂ ਨਾਲ ਜੁੜੇ ਕੁੱਲ ਖਰਚਿਆਂ ਨਾਲ ਭਾਗ ਕਰਕੇ ਪਤਾ ਕੀਤਾ ਜਾਂਦਾ ਹੈ। ਲਾਗੂ *AGB%* *AGB* ਪਤਾ ਕਰਨ ਲਈ ਕੁੱਲ ਖਰਚਿਆਂ ਤੇ ਲਾਗੂ ਕੀਤਾ ਜਾਂਦਾ ਹੈ। ਸ਼ੋਰ ਰੀਹੈਬਲੀਟੇਸ਼ਨ ਇੰਸਟੀਚਿਊਟ ਲਈ AGB ਪ੍ਰਤੀਸ਼ਤ ਹੇਠਾਂ ਦਿੱਤਾ ਗਿਆ ਹੈ:

ਸ਼ੋਰ ਰੀਹੈਬਲੀਟੇਸ਼ਨ ਇੰਸਟੀਚਿਊਟ: 69%

ਕੋਈ ਵੀ ਵਿਅਕਤੀ ਜੋ ਇਸ FAP ਦੇ ਅਧੀਨ ਵਿੱਤੀ ਸਹਾਇਤਾ ਲਈ ਯੋਗ ਪਾਇਆ ਗਿਆ ਹੈ ਉਸ ਤੋਂ ਕਿਸੇ ਵੀ ਡਾਕਟਰੀ ਤੌਰ ਤੇ ਲੋੜੀਂਦੀਆਂ ਸਿਹਤ ਦੇਖਭਾਲ ਸੇਵਾਵਾਂ ਲਈ AGB ਤੋਂ ਜਿਆਦਾ ਰਕਮ ਨਹੀਂ ਵਸੂਲੀ ਜਾਵੇਗੀ। FAP ਦੇ ਯੋਗ ਵਿਅਕਤੀ ਤੋਂ ਹਮੇਸ਼ਾ AGB ਜਾਂ ਇਸ ਪਾਲਿਸੀ ਅਧੀਨ ਉਪਲਬਧ ਕਿਸੇ ਵੀ ਛੋਟ ਨਾਲੋਂ ਘੱਟ ਰਕਮ ਵਸੂਲੀ ਜਾਵੇਗੀ।

## V. <u>ਵਿਆਪਕ ਪ੍ਰਚਾਰ</u>

FAP, ਕੰਪੈਸ਼ਨੇਟ ਕੇਅਰ ਪ੍ਰੋਗਰਾਮ ਲਈ ਬੇਨਤੀ ਅਤੇ PLS ਸਾਰੇ ਆਨ-ਲਾਇਨ ਹੇਠ ਦਿੱਤੀ ਵੈਬਸਾਈਟ ਤੇ ਉਪਲਬਧ ਹਨ: https://www.meridianhealth.com/location/shore-rehabilitation-institute/index.aspx

Hackensack Meridian *Health*
Shore Rehabilitation Institute

FAP ਦੀਆਂ ਪੇਪਰ ਕਾਪੀਆਂ, ਕੰਪੈਸ਼ਨੇਟ ਕੇਅਰ ਪ੍ਰੋਗਰਾਮ ਲਈ ਬੇਨਤੀ ਅਤੇ PLS, ਬੇਨਤੀ ਕਰਨ ਤੇ ਮੇਲ ਰਾਹੀਂ ਮੁਫ਼ਤ ਉਪਲਬਧ ਹਨ ਅਤੇ ਸਾਰੀਆਂ SRI ਸੁਵਿਧਾਵਾਂ ਵਿਚ ਵੱਖ ਵੱਖ ਖੇਤਰਾਂ ਦੇ ਅੰਦਰ ਉਪਲਬਧ ਹਨ। ਮਰੀਜ਼ ਰਜਿਸਟਰੇਸ਼ਨ ਚੈੱਕ-ਇਨ ਦੇ ਖੇਤਰ ਅਤੇ ਬਿਜਨਸ ਦਫਤਰ ਇਸ ਵਿਚ ਸ਼ਾਮਿਲ ਹਨ ਪਰ ਇਹ ਇਹਨਾਂ ਤਕ ਸੀਮਿਤ ਨਹੀਂ ਹੈ।

ਦਾਖਲੇ ਦੀ ਪ੍ਰਕਿਰਿਆ ਦੇ ਹਿੱਸੇ ਦੇ ਤੌਰ ਤੇ SRI ਦੇ ਹਰ ਮਰੀਜ਼ ਨੂੰ PLS ਦੀ ਕਾਪੀ ਦਿੱਤੀ ਜਾਵੇਗੀ।

ਵਿੱਤੀ ਸਹਾਇਤਾ ਬਾਰੇ ਮਰੀਜ਼ ਨੂੰ ਜਾਣਕਾਰੀ ਦਿੰਦੇ ਸੰਕੇਤ ਜਾਂ ਡਿਸਪਲੇਅ ਜਨਤਕ ਸਥਾਨਾਂ ਤੇ ਸਪੱਸ਼ਟ ਰੂਪ ਵਿਚ ਲਗਾਏ ਜਾਣਗੇ।

SRI ਪੂਰੇ ਸਾਲ ਦੌਰਾਨ ਆਯੋਜਿਤ ਭਾਈਚਾਰਕ ਸਮਾਗਮਾਂ(ਜਿਵੇਂ ਸਿਹਤ ਮੇਲੇ, ਸਕ੍ਰੀਨਿੰਗ, ਸਿੱਖਿਆ ਸੈਸ਼ਨ, ਆਦਿ) ਦੇ ਦੌਰਾਨ ਵਿੱਤੀ ਸਹਾਇਤਾ ਦੀ ਉਪਲਬਧਤਾ ਬਾਰੇ ਭਾਈਚਾਰੇ ਦੇ ਮੈਂਬਰਾਂ ਨਾਲ ਗੱਲ ਕਰਕੇ ਭਾਈਚਾਰੇ ਦੇ ਮੈਂਬਰਾਂ ਨੂੰ ਸੂਚਿਤ ਕਰਨ ਲਈ ਉਚਿਤ ਯਤਨ ਕਰਦਾ ਹੈ।

SRI ਦੇ FAP, ਅਰਜ਼ੀਆਂ ਅਤੇ PLS ਅੰਗ੍ਰੇਜ਼ੀ ਵਿਚ ਉਪਲਬਧ ਹਨ ਅਤੇ ਅੰਗਰੇਜ਼ੀ ਵਿੱਚ ਸੀਮਿਤ ਮੁਹਾਰਤ("LEP") ਵਾਲੇ ਲੋਕਾਂ ਦੀ ਮੁੱਢਲੀ ਭਾਸ਼ਾ ਵਿੱਚ ਉਪਲਬਧ ਹਨ ਜੋ ਕਿ SRI ਦੇ ਪ੍ਰਾਇਮਰੀ ਸੇਵਾ ਖੇਤਰ ਅੰਦਰ 1,000 ਵਿਅਕਤੀਆਂ ਦੀ ਘੱਟ ਗਿਣਤੀ ਵਿਚ ਹਨ ਜਾਂ ਸੇਵਾ ਅਧੀਨ ਆਉਂਦੇ ਭਾਈਚਾਰੇ ਦੇ 5% ਹਨ ।

LEP ਵਿਅਕਤੀਆਂ ਅਤੇ ਬਹਿਰੇ ਮਰੀਜ਼ਾਂ ਲਈ, SRI ਮੁਫ਼ਤ ਵਿਆਖਿਆ, ਅਨੁਵਾਦ ਅਤੇ ਸੰਕੇਤ ਭਾਸ਼ਾ ਸੇਵਾਵਾਂ ਮੁਹਈਆ ਕਰਵਾਉਂਦਾ ਹੈ। ਇਹ ਸੇਵਾਵਾਂ ਮਰੀਜ਼ਾਂ ਲਈ ਹਫ਼ਤੇ ਵਿਚ 7 ਦਿਨ ਅਤੇ ਦਿਨ ਵਿਚ 24 ਘੰਟੇ ਉਪਲਬਧ ਹੁੰਦੀਆਂ ਹਨ।

ਅਸੀਂ ਮਰੀਜ਼ਾਂ ਨੂੰ ਅਹਿਮ ਡਾਕਟਰੀ ਬਹਿਸਾਂ ਲਈ ਉਪਲਬਧ ਵਿਆਖਿਆ ਸੇਵਾਵਾਂ ਵਰਤਣ ਲਈ ਉਤਸ਼ਾਹਤ ਕਰਦੇ ਹਾਂ। ਮਰੀਜ਼ ਦੀ ਦੇਖਭਾਲ ਦੇ ਇਲਾਜ ਵਿਚ ਮੈਡੀਕਲ ਸ਼ਬਦਾਵਲੀ ਸ਼ਾਮਲ ਹੁੰਦੀ ਹੈ ਜੋ ਕਿ ਕਿਸੇ ਵੀ ਭਾਸ਼ਾ ਵਿੱਚ ਗੁੰਝਲਦਾਰ ਹੋ ਸਕਦੀ ਹੈ। ਸ਼ੋਰ ਰੀਹੈਬਲੀਟੇਸ਼ਨ ਇੰਸਟੀਚਿਊਟ ਦੁਆਰਾ ਉਪਲਬਧ ਵਿਆਖਿਆ ਸੇਵਾਵਾਂ ਵਿਚ ਜਿਆਦਾਤਰ ਭਾਸ਼ਾਵਾਂ ਵਿੱਚ ਫੋਨ ਵਿਆਖਿਆ ਸ਼ਾਮਿਲ ਹੈ। ਸੰਗੀਨ ਦਸਤਾਵੇਜ਼ਾਂ ਦਾ ਅਨੁਵਾਦ ਅਤੇ ਮਰੀਜ਼ਾਂ ਦੇ ਆਮ ਹਾਲਾਤਾਂ ਲਈ ਮਰੀਜ਼ਾਂ ਦੀ ਸਿਖਲਾਈ ਸਮੱਗਰੀ ਵੀ ਉਪਲਬਧ ਹੈ।

ਜੇ ਤੁਹਾਨੂੰ ਦੁਭਾਸ਼ੀਏ, ਸੰਕੇਤ ਭਾਸ਼ਾ ਅਨੁਵਾਦਕ ਜਾਂ ਇਕ ਅਨੁਵਾਦਕ ਦੀ ਲੋੜ ਹੈ ਤਾਂ ਸਹਾਇਤਾ ਲਈ SRI ਟੀਮ ਦੇ ਕਿਸੇ ਵੀ ਮੈਂਬਰ ਨਾਲ ਸੰਪਰਕ ਕਰੋ।

## ਬਿਲਿੰਗ ਅਤੇ ਸੰਗ੍ਰਹਿ ਪਾਲਿਸੀ

**I. <u>ਉਦੇਸ਼</u>**

ਇਹ ਯਕੀਨੀ ਬਣਾਉਣ ਲਈ ਕਿ ਸਾਰੀ ਬਿਲਿੰਗ, ਕ੍ਰੈਡਿਟ ਅਤੇ ਸੰਗ੍ਰਹਿ ਅਭਿਆਸ ਸਾਰੇ ਸੰਘੀ ਅਤੇ ਰਾਜ ਦੇ ਕਾਨੂੰਨਾਂ, ਨਿਯਮਾਂ ਦੇ ਨਿਰਦੇਸ਼ਾਂ ਅਤੇ ਪਾਲਿਸੀਆਂ ਦਾ ਪਾਲਣ ਕਰਦੇ ਹਨ।

**I. <u>ਪਾਲਿਸੀ</u>**

Hackensack Meridian *Health*
Shore Rehabilitation Institute

ਬਿਲਿੰਗ ਅਤੇ ਸੰਗ੍ਰਹਿ ਦੀਆਂ ਗਤੀਵਿਧੀਆਂ ਦੇ ਨਾਲ ਅਨੁਕੂਲ ਅਤੇ ਸਹੀ ਹੋਣਾ SRI ਦੀ ਪਾਲਿਸੀ ਹੈ। ਇਸ ਪਾਲਿਸੀ ਵਿਚ ਸਾਰੇ ਮਾਪਦੰਡਾਂ ਨੂੰ ਪੂਰਾ ਕਰਨ ਦਾ ਟੀਚਾ ਇਸ ਦਸਤਾਵੇਜ਼ ਵਿੱਚ ਦੱਸੀਆਂ ਗਈਆਂ ਪ੍ਰਕਿਰਿਆਵਾਂ ਦੀ ਪਾਲਣਾ ਕਰਕੇ ਪੂਰਾ ਕੀਤਾ ਜਾ ਸਕਦਾ ਹੈ। ਬਿਜਨਸ ਦਫ਼ਤਰ, ਅਰਥਵਿਵਸਥਾ, ਸੂਚਨਾ ਪ੍ਰਣਾਲੀਆਂ ਅਤੇ ਵਿਕਰੇਤਾ ਪ੍ਰਬੰਧਨ ਦਾ ਪੂਰਾ ਸਹਿਯੋਗ ਅਤੇ ਟੀਮ ਵਰਕ, ਸਾਡੇ ਟੀਚੇ ਲਈ ਜ਼ਰੂਰੀ ਹੈ।

## III. ਵਿਧੀਆਂ

ਇੱਕ ਵਾਰੀ ਮਰੀਜ਼ ਦਾ ਦਾਅਵਾ ਉਹਨਾਂ ਦੇ ਬੀਮੇ ਦੁਆਰਾ ਸੰਸਾਧਿਤ ਕੀਤੇ ਜਾਣ ਤੇ, SRI ਮਰੀਜ਼ ਨੂੰ ਮਰੀਜ਼ ਦੀ ਜ਼ੁੰਮੇਵਾਰੀ ਦਾ ਸੰਕੇਤ ਕਰਦਾ ਬਿੱਲ ਭੇਜੇਗਾ। ਇਸ ਤੋਂ ਇਲਾਵਾ, ਜੇਕਰ ਮਰੀਜ਼ ਕੋਲ ਕੋਈ ਤੀਜੀ ਪਾਰਟੀ ਦਾ ਕਵਰੇਜ ਨਹੀਂ ਹੈ ਤਾਂ ਉਹਨਾਂ ਨੂੰ ਇੱਕ ਬਿੱਲ ਪ੍ਰਾਪਤ ਹੋਵੇਗਾ ਜੋ ਉਹਨਾਂ ਦੀ ਮਰੀਜ਼ ਦੀ ਜ਼ਿੰਮੇਵਾਰੀ ਦਾ ਸੰਕੇਤ ਹੈ। ਇਹ ਮਰੀਜ਼ ਦੀ ਡਿਸਚਾਰਜ ਤੋਂ ਬਾਅਦ ਵਾਲੀ ਪਹਿਲੀ ਬਿੱਲ ਸਟੇਟਮੈਂਟ ਹੋਵੇਗੀ। ਇਸ ਸਟੇਟਮੈਂਟ ਦੀ ਤਾਰੀਖ਼ ਐਪਲੀਕੇਸ਼ਨ ਅਤੇ ਨੋਟੀਫਿਕੇਸ਼ਨ ਮਿਆਦ(ਉਪਰ ਦਿੱਤੇ) ਨੂੰ ਸ਼ੁਰੂ ਕਰੇਗੀ।

ਮਰੀਜ਼ ਨੂੰ ਡਿਸਚਾਰਜ ਤੋਂ ਬਾਅਦ ਵਾਲੀ ਪਹਿਲੀ ਬਿੱਲ ਸਟੇਟਮੈਂਟ ਮਿਲਣ ਤੋਂ ਬਾਅਦ, SRI 3 ਹੋਰ ਸਟੇਟਮੈਂਟਾਂ (28 ਦਿਨ ਦੇ ਅੰਤਰਾਲਾਂ ਵਿੱਚ, 4 ਕੁੱਲ ਬਿਲਿੰਗ ਸਟੇਟਮੈਂਟਾਂ) ਅਤੇ 2 ਚਿੱਠੀਆਂ ਭੇਜੇਗਾ।

ਜੇਕਰ 4 ਬਿਲਿੰਗ ਸਟੇਟਮੈਂਟਾਂ ਮਿਲਣ ਤੋਂ ਬਾਅਦ ਵੀ ਭੁਗਤਾਨ ਨਹੀਂ ਕੀਤਾ ਜਾਂਦਾ, ਤਾਂ SRI ਮਰੀਜ਼ ਨੂੰ ਲਿਖਤੀ ਰੂਪ ਵਿਚ ਇਕ ਚਿੱਠੀ ਭੇਜੇਗਾ ਕਿ ਜੇਕਰ 30 ਦਿਨਾਂ ਦੇ ਅੰਦਰ ਭਗਤਾਨ ਨਹੀਂ ਕੀਤਾ ਜਾਂਦਾ ਖਾਤਾ ਸੰਗ੍ਰਹਿ ਕਰਨ ਲਈ ਭੇਜਿਆ ਜਾਵੇਗਾ। ਇਸ ਤੋਂ ਇਲਾਵਾ, ਚਿੱਠੀ ਵਿਚ ECAs (ਉੱਪਰ ਦਿੱਤੀ ਗਈ ਪਰਿਭਾਸ਼ਾ) ਸ਼ਾਮਿਲ ਹੋਵੇਗਾ ਜੋ ਕਿ ਮਰੀਜ਼ ਦੇ ਖਾਤੇ ਨੂੰ ਸੰਗ੍ਰਹਿ ਵਿਚ ਰੱਖੇ ਜਾਣ ਤੋਂ ਬਾਅਦ ਹੋ ਸਕਦਾ ਹੈ। ਲਿਖਤੀ ਨੋਟਿਸ ਵਿੱਚ PLS ਦੀ ਇਕ ਕਾਪੀ ਵੀ ਸ਼ਾਮਲ ਹੋਵੇਗੀ।

ਜਦੋਂ ਬਿਲਿੰਗ ਚਲਾਣ ਵਾਪਸ ਕੀਤੇ ਜਾਂਦੇ ਹਨ ਇਹ ਦੱਸਦੇ ਹੋਏ ਕਿ ਮਰੀਜ਼ ਦੀ ਮੌਤ ਹੋ ਚੁੱਕੀ ਹੈ ਜਾਂ ਭੇਜਣਯੋਗ ਨਹੀਂ ਹੈ ਅਤੇ ਕੋਈ ਹੋਰ ਪਤਾ ਨਹੀਂ ਮਿਲਦਾ ਅਕਾਉਂਟ ਫਾਲੋ-ਅਪ ਅਤੇ ਵੈਧਤਾ ਲਈ ਪੂਰਵ- ਸੰਗ੍ਰਹਿ ਦੀ ਸਥਿਤੀ ਤੇ ਜਾਂਦੇ ਹਨ।

ਸੰਗ੍ਰਹਿ

ਬਿੱਲਿੰਗ ਚੱਕਰ ਦੇ ਅੰਦਰ SRI ਖਾਤੇ ਨੂੰ ਪੂਰਵ- ਸੰਗ੍ਰਹਿ ਲਈ ਭੇਜ ਸਕਦਾ ਹੈ। ਇਸ ਸਮੇਂ ਦੌਰਾ, SRI ਵੱਲੋਂ ਕੰਮ ਕਰ ਰਹੀਆਂ ਤੀਜੀਆਂ ਪਾਰਟੀਆਂ ਰਕਮ ਵਸੂਲਣ ਲਈ ਟੈਲੀਫ਼ੋਨ ਦੁਆਰਾ ਮਰੀਜ਼ਾਂ ਨਾਲ ਸੰਪਰਕ ਕਰ ਸਕਦੀਆਂ ਹਨ। ਜਦੋਂ ਖਾਤਾ ਪੂਰਵ-ਸੰਗ੍ਰਹਿ ਚੱਕਰ ਦੇ ਅੰਦਰ ਹੋਵੇ ਤਾਂ ਮਰੀਜ਼ ਦੇ ਖਿਲਾਫ ਕੋਈ ECA's ਨਹੀਂ ਲਿਆ ਜਾ ਸਕਦਾ।

ਨੋਟੀਫਿਕੇਸ਼ਨ ਸਮੇਂ ਦੀ ਮਿਆਦ ਦੀ ਖ਼ਤਮ ਹੋਣ ਦੇ ਬਾਅਦ, SRI ਮਰੀਜ਼ ਦੇ ਖਾਤੇ ਨੂੰ ਸੰਗ੍ਰਹਿ ਕਰਨ ਲਈ ਭੇਜੇਗਾ। ਸੰਗ੍ਰਹਿ ਏਜੰਸੀਆਂ ਭੁਗਤਾਨਾਂ ਨੂੰ ਇਕੱਠਾ ਕਰਨ ਲਈ ਟੈਲੀਫ਼ੋਨ ਕਾਲਾਂ, ਚਿੱਠੀਆਂ ਅਤੇ ਕੁਝ ECA's ਵਰਗੇ ਤਰੀਕੇ ਵਰਤਣਗੀਆਂ। ਉਹਨਾਂ ਦੀਆਂ ਸਾਰੀਆਂ ਗਤੀਵਿਧੀਆਂ ਬਿਲਿੰਗ ਪ੍ਰਣਾਲੀ ਦੇ ਅੰਦਰ ਪੂਰੀ ਤਰ੍ਹਾਂ ਦਰਜ ਹੋਣਗੀਆਂ ਅਤੇ ਸੰਗ੍ਰਹਿ ਏਜੰਸੀਆਂ ਦਾ ਪ੍ਰਬੰਧਨ ਕਰਨ ਵਾਲੇ ਰਾਜ ਨਿਯਮਾਂ ਦੇ ਸਾਰੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨਗੀਆਂ।

ਜੇਕਰ ਸੰਗ੍ਰਹਿ ਏਜੰਸੀਆਂ ਇਸ ਤੋਂ ਬਾਅਦ ਅਸਫ਼ਲ ਹੁੰਦੀਆਂ ਹਨ(180 ਦਿਨਾਂ ਤੱਕ ਦੇ ਸਮੇਂ ਲਈ) ਤਾਂ ਮਰੀਜ਼ ਦਾ ਖਾਤਾ SRI ਨੂੰ ਵਾਪਿਸ ਕਰ ਦਿੱਤਾ ਜਾਵੇਗਾ। ਖਾਤਾ ਵਾਪਿਸ ਕਰਨ ਦੇ ਸਮੇਂ, ਸੰਗ੍ਰਹਿ ਏਜੰਸੀ ਆਪਣੀਆਂ ਗਤੀਵਿਧੀਆਂ ਦੇ ਸਾਰੇ ਦਸਤਾਵੇਜ ਅਤੇ ਮਰੀਜ਼ ਨਾਲ ਸੰਚਾਰ ਕਦੋਂ ਕੀਤਾ ਗਿਆ ਅਤੇ ਨਾਲ ਨਾਲ ਉਸ ਦਿਨ ਦੀ ਤਾਰੀਖ ਜਦੋਂ ਖਾਤਾ SRI ਨੂੰ ਵਾਪਸ ਕਰ ਕੀਤਾ ਗਿਆ, ਸ਼ਾਮਿਲ ਕਰੇਗੀ।

III. **IRC §501(r)(6) ਦੀ ਪਾਲਣਾ**

IRC §501(r)(6) ਦੇ ਅਨੁਸਾਰ, ਨੋਟੀਫਿਕੇਸ਼ਨ ਸਮੇਂ ਦੇ ਖਤਮ ਹੋਣ ਤੋਂ ਪਹਿਲਾਂ SRI ਕਿਸੇ ECAs ਵਿਚ ਸ਼ਾਮਿਲ ਨਹੀਂ ਹੋਵੇਗੀ।t ਨੋਟੀਫਿਕੇਸ਼ਨ ਸਮੇਂ ਤੋਂ ਬਾਅਦ SRI, ਜਾਂ ਇਸਦੇ ਤਰਫ਼ੋਂ ਕੰਮ ਕਰ ਰਹੀ ਕੋਈ ਤੀਜੀ ਪਾਰਟੀ, ਜੇ ਇਕ FAP-ਯੋਗਤਾ ਨਿਰਧਾਰਣ ਨਹੀਂ ਕੀਤੀ ਗਈ ਹੈ ਜਾਂ ਜੇ ਕੋਈ ਵਿਅਕਤੀ ਵਿੱਤੀ ਸਹਾਇਤਾ ਲਈ ਅਯੋਗ ਹੈ ਤਾਂ ਭੁਗਤਾਨ ਨਾ ਕੀਤੀ ਗਈ ਰਕਮ ਲਈ ਇੱਕ ਮਰੀਜ਼ ਦੇ ਖਿਲਾਫ ਹੇਠ ਦਿੱਤੇ ECAs ਵਰਤ ਸਕਦੀ ਹੈ।

- ਉਪਭੋਗਤਾ ਕ੍ਰੈਡਿਟ ਰਿਪੋਰਟਿੰਗ ਏਜੰਸੀਆਂ ਜਾਂ ਕ੍ਰੈਡਿਟ ਬਿਊਰੋ ਨੂੰ ਵਿਅਕਤੀ ਬਾਰੇ ਨਾਕਰਾਤਮਕ ਜਾਣਕਾਰੀ ਦੇਣਾ;
- ਕਿਸੇ ਵਿਅਕਤੀ ਦੀ ਜਾਇਦਾਦ ਲਾਇੰਸ ਲਗਾਉਣਾ;
- ਕਿਸੇ ਵਿਅਕਤੀ ਦੀ ਅਸਲੀ ਜਾਇਦਾਦ ਤੇ ਰੋਕ ਲਗਾਉਣਾ;
- ਕਿਸੇ ਵਿਅਕਤੀ ਦੇ ਬੈਂਕ ਖਾਤੇ ਜਾਂ ਹੋਰ ਨਿੱਜੀ ਜਾਇਦਾਦ ਨੂੰ ਜੋੜਨਾ ਜਾਂ ਜਬਤ ਕਰਨਾ;
- ਕਿਸੇ ਵਿਅਕਤੀ ਦੇ ਖਿਲਾਫ ਇੱਕ ਸਿਵਲ ਕਾਰਵਾਈ ਸ਼ੁਰੂ ਕਰਨਾ; ਅਤੇ
- ਕਿਸੇ ਵਿਅਕਤੀ ਦੀ ਤਨਖਾਹ ਨੂੰ ਜ਼ਬਤ ਕਰਨਾ।

ਨੋਟੀਫਿਕੇਸ਼ਨ ਸਮੇਂ ਤੋਂ ਬਾਅਦ, ਮਰੀਜ਼ਾਂ ਦੇ ਅਪਰਾਧਕ ਖਾਤੇ ਤੇ ECAs ਨੂੰ ਸ਼ੁਰੂ ਕਰਨ ਲਈ SRI ਤੀਜੀ ਪਾਰਟੀ ਨੂੰ ਅਧਿਕਾਰਤ ਕਰ ਸਕਦੀ ਹੈ। ਉਹ ਯਕੀਨੀ ਬਣਾਉਣਗੇ ਕਿ, ਇਹ ਪਤਾ ਕਰਨ ਲਈ ਕਿ ਵਿਅਕਤੀ ਇਸ FAP ਦੇ ਅਧੀਨ ਵਿੱਤੀ ਸਹਾਇਤਾ ਦੇ ਯੋਗ ਹੈ ਜਾਂ ਨਹੀਂ, ਵਾਜਬ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ ਅਤੇ ਕੋਈ ਵੀ ECA ਸ਼ੁਰੂ ਕਰਨ ਤੋਂ ਘੱਟੋ ਘੱਟ 30 ਦਿਨ ਪਹਿਲਾਂ ਹੇਠ ਲਿਖੀਆਂ ਕਾਰਵਾਈਆਂ ਕਰਨਗੇ:

1. ਮਰੀਜ਼ ਨੂੰ ਲਿਖਤੀ ਨੋਟਿਸ ਦਿੱਤਾ ਜਾਵੇਗਾ, ਜੋ:
   (a) ਇਹ ਦਰਸਾਏਗਾ ਕਿ ਯੋਗ ਮਰੀਜ਼ਾਂ ਲਈ ਵਿੱਤੀ ਸਹਾਇਤਾ ਉਪਲਬਧ ਹੈ;
   (b) ਉਸ ECA ਦੀ ਪਹਿਚਾਣ ਕਰਾਏਗਾ ਜੋ ਦੇਖਭਾਲ ਦੀ ਰਕਮ ਵਸੂਲਣ ਲਈ SRI ਸ਼ੁਰੂ ਕਰਨ ਚਾਹੁੰਦੀ ਹੈ;
   (c) ਆਖਰੀ ਤਾਰੀਕ, ਜਿਸ ਤੋਂ ਬਾਅਦ ਅਜਿਹੇ ECA ਆਰੰਭ ਕੀਤੇ ਜਾਣਗੇ ਦੱਸਦਾ ਹੈ।

2. ਮਰੀਜ਼ ਨੂੰ ਇਸ ਲਿਖਤੀ ਨੋਟੀਫਿਕੇਸ਼ਨ ਦੇ ਨਾਲ PLS ਦੀ ਇੱਕ ਕਾਪੀ ਮਿਲੀ ਹੈ; ਅਤੇ

3. FAP ਬਾਰੇ ਵਿਅਕਤੀ ਨੂੰ ਜ਼ਬਾਨੀ ਸੂਚਿਤ ਕਰਨ ਲਈ ਉਚਿਤ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ ਅਤੇ ਵਿਅਕਤੀ ਵਿੱਤੀ ਸਹਾਇਤਾ ਐਪਲੀਕੇਸ਼ਨ ਪ੍ਰਕਿਰਿਆ ਨਾਲ ਕਿਸ ਤਰਾਂ ਸਹਾਇਤਾ ਲੈ ਸਕਦਾ ਹੈ।

SRI, ਅਤੇ ਉਨ੍ਹਾਂ ਦੀ ਤਰਫੋਂ ਕੰਮ ਕਰਨ ਵਾਲੇ ਤੀਜੀ ਪਾਰਟੀ ਵਿਕਰੇਤਾ, ਇਸ ਪਾਲਿਸੀ ਅਧੀਨ, ਐਪਲੀਕੇਸ਼ਨ ਪੀਰੀਅਡ ਦੇ ਦੌਰਾਨ ਉਪਲਬਧ ਵਿੱਤੀ ਸਹਾਇਤਾ ਲਈ ਜਮ੍ਹਾਂ ਕਰਵਾਈਆਂ ਸਾਰੀਆਂ ਅਰਜ਼ੀਆਂ ਨੂੰ ਸਵੀਕਾਰ ਕਰਨਗੇ ਅਤੇ ਉਹਨਾਂ ਤੇ ਕਾਰਵਾਈ ਕਰਨਗੇ।

**ਅਨੁਬੰਧ A:**

**ਸ਼ੋਰ ਰੀਹੈਬਲੀਟੇਸ਼ਨ ਇੰਸਟੀਚਿਊਟ ਪ੍ਰਦਾਤਾ ਸੂਚੀ**

SRI ਵਿੱਤੀ ਸਹਾਇਤਾ ਪਾਲਿਸੀ ਸ਼ੋਰ ਰੀਹੈਬਲੀਟੇਸ਼ਨ ਇੰਸਟੀਚਿਊਟ ‘ਤੇ ਲਾਗੂ ਹੁੰਦੀ ਹੈ। ਸ਼ੋਰ ਰੀਹੈਬਲੀਟੇਸ਼ਨ ਇੰਸਟੀਚਿਊਟ ਦੇ ਅੰਦਰ ਸੇਵਾਵਾਂ ਪ੍ਰਦਾਨ ਕਰਦੇ ਕੁਝ ਡਾਕਟਰ ਅਤੇ ਹੋਰ ਸਿਹਤ ਸੰਭਾਲ ਪ੍ਰਦਾਤਾਵਾਂ ਨੂੰ ਇਸ ਵਿੱਤੀ ਸਹਾਇਤਾ ਪਾਲਿਸੀ ਦੀ ਪਾਲਣਾ ਕਰਨ ਦੀ ਵੈਸੇ ਕੋਈ ਲੋੜ ਨਹੀਂ ਹੈ।

ਸਰਵਿਸ ਲਾਈਨ, ਜੋ ਡਾਕਟਰੀ ਤੌਰ 'ਤੇ ਲੋੜੀਂਦੀ ਸਿਹਤ ਦੇਖਭਾਲ ਸੇਵਾਵਾਂ ਪ੍ਰਦਾਨ ਕਰਦੀ ਹੈ, ਦੁਆਰਾ ਦਿੱਤੀ ਗਈ ਸੂਚੀ ਹੇਠਾਂ ਲਿਖੀ ਹੋਈ ਹੈ।

**ਇਸ ਵਿੱਤੀ ਸਹਾਇਤਾ ਪਾਲਿਸੀ ਦੇ ਤਹਿਤ ਆਉਂਦੇ ਪ੍ਰਦਾਤਿਆਂ ਦੀ ਸੂਚੀ:**

- ਬੇਨਤੀ ਤੇ ਪ੍ਰਦਾਨ ਕੀਤੀ ਜਾਵੇਗੀ

**ਇਸ ਵਿੱਤੀ ਸਹਾਇਤਾ ਪਾਲਿਸੀ ਦੇ ਤਹਿਤ ਸ਼ਾਮਲ ਨਾ ਕੀਤੀਆਂ ਗਈਆਂ ਸੇਵਾਵਾਂ ਦੀ ਸੂਚੀ:**

- ਬੇਨਤੀ ਤੇ ਪ੍ਰਦਾਨ ਕੀਤੀ ਜਾਵੇਗੀ